16

# ਮਸੀਹੀ ਲੋਕ ਅਤੇ ਸਰਕਾਰ

## (5:12-42)

ਪਿਛਲੇ ਪਾਠ ਵਿਚ ਅਸੀਂ 5:12-42 ਵਿਚ ਰਸੂਲਾਂ ਦੇ ਦੂਜੀ ਵਾਰ ਸਤਾਏ ਜਾਣ ਦਾ ਅਧਿਐਨ ਕੀਤਾ ਸੀ। ਜਿਨ੍ਹਾਂ ਨੇ ਇਸ ਨੂੰ ਪੜ੍ਹਿਆ, ਉਹ ਪੂਰੀ ਤਰ੍ਹਾਂ ਸਮਝ ਗਏ ਹੋਣਗੇ ਕਿ ਰਸੂਲਾਂ ਨੂੰ ਕਿਹੋ ਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਅਤੀਤ ਵਿਚ ਉਨ੍ਹਾਂ ਨੂੰ ਧਮਕਾਇਆ ਗਿਆ ਸੀ ਅਤੇ ਯਿਸੂ ਦੇ ਨਾਂ ਦਾ ਪ੍ਰਚਾਰ ਕਰਨ ਤੋਂ ਮਨ੍ਹਾਂ ਕੀਤਾ ਜਾ ਰਿਹਾ ਸੀ। ਕਈਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਕਈਆਂ ਨੂੰ ਕੁੱਟਿਆ ਗਿਆ; ਅਤੇ ਕਈ ਆਪਣੇ ਵਿਸ਼ਵਾਸ ਕਾਰਣ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਨ੍ਹਾਂ ਲਈ ਖ਼ੁਦਾ ਅਤੇ ਇਨਸਾਨ ਦੇ ਹੁਕਮ ਮੰਨਣ ਵਿੱਚੋਂ ਇਕ ਨੂੰ ਚੁਣਨ ਦਾ ਕਾਰਣ ਬਿਲਕੁਲ ਸਾਫ਼ ਸੀ। ਪਰ, ਸਾਡੇ ਵਿੱਚੋਂ ਕਈਆਂ ਲਈ ਹੋ ਸਕਦਾ ਹੈ ਕਿ ਇਹ ਮਾਮਲੇ ਐਨੇ ਸਪਸ਼ਟ ਨਾ ਹੋਣ। ''ਹਕੂਮਤਾਂ'' (ਰੋਮੀਆਂ 13:1) ਨਾਲ ਸਾਡੇ ਸਬੰਧ ਬਾਰੇ ਅੱਗੇ ਖੋਜ ਕਰਨਾ ਲਾਹੇਵੰਦ ਹੋਵੇਗਾ।

### ਬੁਨਿਆਦੀ ਅਸੂਲ: ਕਾਨੂੰਨ ਦਾ ਪਾਲਣ ਕਰੋ

ਸਾਡੇ ਅਧਿਐਨ ਵਿਚ ਹੁਣ ਤਕ ਤਿੰਨ ਮੁੱਖ ਸਿਧਾਂਤ ਬਣੇ ਹਨ। ਉਨ੍ਹਾਂ ਤੇ ਫੇਰ ਵਿਚਾਰ ਕਰੋ, ਉਨ੍ਹਾਂ ਨੂੰ ਵਿਸਤਾਰ ਦਿਓ ਅਤੇ ਉਨ੍ਹਾਂ ਨੂੰ ਅਮਲ ਵਿਚ ਲਿਆਓ। ਸਿਧਾਂਤ ਇਕ ਤਾਂ ਇਹ ਹੈ ਕਿ ਸਧਾਰਣ ਨਿਯਮ ਦੇ ਰੂਪ ਵਿਚ, ਅਸੀਂ ਉਸ ਦੇਸ਼ ਦੇ ਕਾਨੂੰਨ ਦਾ ਪਾਲਣ ਕਰੀਏ ਜਿਸ ਵਿਚ ਅਸੀਂ ਰਹਿੰਦੇ ਹਾਂ। ਪੂਰੀ ਦੁਨੀਆਂ ਵਿਚ ਅਧਕਾਰੀਆਂ ਦੀ ਇੱਜ਼ਤ ਕਰਨ ਦੀ ਘਾਟ ਪਾਈ ਜਾਂਦੀ ਹੈ। ਪੁਰਾਣੇ ਨੇਮ ਦੇ ਸਮੇਂ ਵਿਚ ਜਦ ''ਜੋ ਕਿਸੇ ਨੂੰ ਚੰਗਾ ਦਿਸਦਾ ਸੀ ਸੋ ਕਰਦਾ ਸੀ'' (ਨਿਆਈਆਂ 21:25), ਤਾਂ ਇਹ ਜੰਗਲ ਰਾਜ ਸੀ।

ਸਾਨੂੰ ਰਾਜ ਸਰਕਾਰ ਦੇ ਕਾਨੂੰਨਾਂ ਦਾ ਪਾਲਣ ਕਰਨਾ ਚਾਹੀਦਾ ਹੈ, ਇਸ ਲਈ ਨਹੀਂ ਕਿ ਸਰਕਾਰ ਹਮੇਸ਼ਾ ਸਹੀ ਹੀ ਹੁੰਦੀ ਹੈ ਜਾਂ ਚੰਗੀ ਹੀ ਹੁੰਦੀ ਹੈ। ਜਿਨ੍ਹਾਂ ਹਾਕਮਾਂ ਦੀ ਗੱਲ ਪੌਲੁਸ ਅਤੇ ਪਤਰਸ ਨੇ ਕੀਤੀ ਉਹ ਨੀਰੋ ਦੇ ਅਧੀਨ ਰੋਮੀ ਸਰਕਾਰ ਦੇ ਅਫ਼ਸਰ ਸਨ। ਅਸੀਂ ਦੇਸ਼ ਦੇ ਕਾਨੂੰਨ ਦਾ ਪਾਲਣ ਇਸ ਲਈ ਨਹੀਂ ਕਰਦੇ ਕਿ ਅਸੀਂ ਉਨ੍ਹਾਂ ਨਾਲ ਸਹਿਮਤ ਹੁੰਦੇ ਹਾਂ ਜਾਂ ਉਨ੍ਹਾਂ ਦਾ ਕੁਝ ਮਤਲਬ ਹੁੰਦਾ ਹੈ। ਸਗੋਂ ਅਸੀਂ ਇਨ੍ਹਾਂ ਕਾਨੂੰਨਾ ਨੂੰ ਇਸ ਲਈ ਮੰਨਦੇ ਹਾਂ ਕਿਉਂਕਿ ਇਹ ਖ਼ੁਦਾ ਦੀ ਇੱਛਾ ਹੈ। ਪੌਲੁਸ ਨੇ ਕਿਹਾ ਹੈ ਕਿ ਸਰਕਾਰਾਂ ''ਪ੍ਰਮੇਸ਼ਵਰ ਦੇ ਵੱਲੋਂ'' ਅਤੇ ਸਰਕਾਰੀ ਨੌਕਰ (ਜਨ ਸੇਵਕ) ''ਪ੍ਰਮੇਸ਼ਵਰ ਦੇ ਸੇਵਕ'' (ਰੋਮੀਆਂ 13:1, 4) ਦੇ ਰੂਪ ਵਿਚ ਕੰਮ ਕਰਦੇ ਹਨ। ਪਤਰਸ ਨੇ ਕਿਹਾ ਹੈ ਕਿ ''ਤੁਸੀਂ ਪ੍ਰਭੂ ਦੇ ਨਮਿੱਤ ਮਨੁੱਖ ਦੇ ਹਰੇਕ ਪ੍ਰਬੰਧ ਦੇ ਅਧੀਨ ਹੋਵੋ, ... ਕਿਉਂ ਜੋ ਪ੍ਰਮੇਸ਼ਵਰ ਦੀ ਇੱਛਿਆ ਇਉਂ ਹੈ ...'' (1 ਪਤਰਸ 2:13, 15)।

## ਬੁਨਿਆਦੀ ਅਪਵਾਦ: ਜਦ ਕਾਨੂੰਨ ਖ਼ੁਦਾ ਦੇ ਨਿਅਮ ਦੇ ਖਿਲਾਫ਼ ਹੋਵੇ

ਦੂਜਾ ਸਿਧਾਂਤ ਇਸ ਨਿਯਮ ਦਾ ਅਪਵਾਦ ਹੈ, ਜਦ ਮਨੁੱਖ ਦਾ ਕਾਨੂੰਨ ਸਿੱਧੇ ਤੌਰ ਤੇ ਖ਼ੁਦਾ ਦੇ ਨਿਯਮ ਦੇ ਖ਼ਿਲਾਫ਼ ਹੋਵੇ। ਰਸੂਲਾਂ ਦੇ ਕੰਮ 4 ਅਤੇ 5 ਵਿਚ ਇਹ ਟਕਰਾਅ ਸਪਸ਼ਟ ਸੀ: ਲੋਕ ਕਹਿੰਦੇ ਸਨ ''ਮਸੀਹ ਦੇ ਨਾਂ ਦਾ ਪ੍ਰਚਾਰ *ਨਾ ਕਰੋ*''; ਖ਼ੁਦਾ ਕਹਿੰਦਾ ਸੀ, ''ਮਸੀਹ ਦੇ ਨਾਂ ਦਾ ਪ੍ਰਚਾਰ *ਕਰੋ*।'' ਪੁਰਾਣੇ ਨੇਮ ਵਿਚ ਫ਼ਿਰੌਨ ਨੇ ਕਿਹਾ ਸੀ, ''ਮੁੰਡਿਆਂ ਨੂੰ ਮਾਰ ਦੇਣਾ'' (ਕੂਚ 1:15-22), ਪਰ ਖ਼ੁਦਾ ਨੇ ਕਿਹਾ ਸੀ, ''ਤੂੰ ਖ਼ੂਨ ਨਾ ਕਰ।''[1] ਹਾਲ ਹੀ ਦੇ ਦਿਨਾਂ ਦੇ ਵਿਚ ਲੋਕਾਂ ਦਾ ਕਹਿਣਾ ਸੀ, ''ਖ਼ੁਦਾ ਦੀ ਬੰਦਗੀ ਲਈ ਇਕੱਠੇ ਨਾ ਹੋਣਾ,'' ਪਰ ਖ਼ੁਦਾ ਕਹਿੰਦਾ ਹੈ, ''ਆਪਸ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡੀਏ ਜਿਵੇਂ ਕਈਆਂ ਦਾ ਦਸਤੂਰ ਹੈ'' (ਇਬਰਾਨੀਆਂ 10:25)। ਲੋਕ ਕਹਿੰਦੇ ਹਨ, ''ਆਪਣੇ ਗੁਆਂਢੀ ਨੂੰ ਬਾਈਬਲ ਦੀ ਸਿੱਖਿਆ ਨਾ ਦਿਓ,'' ਪਰ ਖ਼ੁਦਾ ਕਹਿੰਦਾ ਹੈ, ''ਸਰਬੱਤ ਸ੍ਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪ੍ਰਚਾਰ ਕਰੋ'' (ਮਰਕੁਸ 16:15)। ਜਦ ਟਕਰਾਅ ਐਨਾ ਸਾਫ਼ ਹੋਵੇ ਤਾਂ ਖ਼ੁਦਾ ਨੂੰ ਸਮਰਪਤ ਆਦਮੀ ਲਈ ਹੋਰ ਕੋਈ ਬਦਲ ਨਹੀਂ ਰਹਿੰਦਾ। ਉਹ ਇਹ ਨਹੀਂ ਪੁੱਛ ਸਕਦਾ ਕਿ ''ਫ਼ਾਇਦਾ ਕਿਸ ਵਿਚ ਹੋਵੇਗਾ?'' ਜਾਂ ''ਹਰਮਨ ਪਿਆਰਾ ਕੀ ਹੈ?'' ਜਾਂ ''ਖ਼ਤਰਾ ਕਿਹਦੇ ਵਿਚ ਨਹੀਂ ਹੈ?'' ਸਗੋਂ ਉਹ ਤਾਂ ਇਹੀ ਪੁੱਛੇਗਾ ਕਿ ''ਸਹੀ ਕਿਹੜਾ ਹੈ?'' ਅਤੇ ਓਸੇ ਨੂੰ ਮੰਨੇਗਾ।

ਅੱਜ ਸੰਸਾਰ ਵਿਚ, ਬਹੁਤ ਸਾਰੇ ਵਿਸ਼ਵਾਸ ''ਸਿਆਸੀ ਨਜ਼ਰੀਏ ਤੋਂ ਬੇਕਾਰ'' ਹੋ ਚੁੱਕੇ ਹਨ। ਕਿਸੇ ਥਾਂ, ਠੋਕਰ ਲੱਗਣ ਤੋਂ ਬਚਣ ਲਈ ਅਸੀਂ ਲੋਕਾਂ ਨਾਲ ਮਿਲ ਸਕਦੇ ਹਾਂ ਅਤੇ ਮਿਲਣਾ ਵੀ ਚਾਹੀਦਾ ਹੈ।[2] ਪਰ ਜੋ ਕੁਝ ''ਸਿਆਸੀ ਨਜ਼ਰੀਏ ਤੋਂ ਬੇਕਾਰ'' ਹੋਵੇ, ਉਹ ਬਈਬਲ ਦੇ ਨਜ਼ਰੀਏ ਤੋਂ ਹਮੇਸ਼ਾ ਬੇਕਾਰ ਨਹੀਂ ਹੁੰਦਾ। ਮਿਸਾਲ ਲਈ, ਸਮਲਿੰਗੀ ਸਬੰਧਾਂ ਦੀ ਨਿੰਦਿਆ ਕਰਨਾ ''ਸਿਆਸੀ ਨਜ਼ਰੀਏ ਤੋਂ ਗਲਤ'' ਹੈ, ਪਰ ਬਾਈਬਲ ਦੱਸਦੀ ਹੈ ਕਿ ਸਮਲਿੰਗੀ ਸਬੰਧ ਖ਼ੁਦਾ ਦੀ ਨਜ਼ਰ ਵਿਚ ਘਿਰਣਾ ਯੋਗ ਹੈ (ਵੇਖੋ ਲੇਵੀਆਂ ਦੀ ਪੋਥੀ 18:22; 20:13; 1 ਕੁਰਿੰਥੀਆਂ 6:9, 18)। ਖ਼ੁਦਾ ਦੀ ਸਾਰੀ ਇੱਛਾ ਦਾ ਪ੍ਰਚਾਰ ਕਰਨ ਲਈ, ਸਮਲਿੰਗੀ ਸਬੰਧਾਂ ਨੂੰ ਜੋ ਕਿ ਸਰੀਰ ਦਾ ਕੰਮ ਹੈ, ਨਿੰਦਣ ਤੋਂ ਝਿਜਕ ਨਹੀਂ ਕਰਨੀ ਚਾਹੀਦੀ ਨਹੀਂ ਤਾਂ ਅਸੀਂ ਉਹਦੇ ਦੋਸ਼ੀ ਠਹਿਰਾਂਗੇ (ਗਲਾਤੀਆਂ 5:19-21)। ਸਾਨੂੰ ਚਾਹੀਦਾ ਹੈ ਕਿ ਸਮਲਿੰਗੀਆਂ ਨੂੰ ਤੌਬਾ ਕਰਨ ਅਤੇ ਆਪਣੀ ਜ਼ਿੰਦਗੀਆਂ ਦੇ ਢੰਗ ਨੂੰ ਬਦਲਣ ਲਈ ਦਬਾਅ ਪਾਈਏ।[3] ਸਵਾਲ ਇਹ ਨਹੀਂ ਹੈ ਕਿ ''ਸਿਆਸੀ ਨਜ਼ਰੀਏ ਤੋਂ ਕੀ ਸਹੀ ਹੈ'' ਸਗੋਂ ਸਵਾਲ ਇਹ ਹੈ ਕਿ ''ਖ਼ੁਦਾ ਦੀ ਨਜ਼ਰ ਵਿਚ ਕੀ ਸਹੀ ਹੈ?''

ਦੂਜੇ ਵਿਸ਼ਿਆਂ ਵਿਚ, ਆਦਮੀ ਦਾ ਅੰਤਹਕਰਣ ਵੀ ਉਸ ਵਿਚ ਆਉਂਦਾ ਹੈ। ਅੰਤਹਕਰਣ ਸਾਡੇ ਅੰਦਰ ਪਾਈ ਜਾਣ ਵਾਲੀ ਕੁਦਰਤੀ ਚੇਤਨਾ ਹੈ ਜੋ ਸਾਨੂੰ ਦੱਸਦੀ ਹੈ ਕਿ ਕੁਝ ਕੰਮ ਸਹੀ ਹਨ ਅਤੇ ਕੁਝ ਗ਼ਲਤ।[4] ਅੰਤਹਕਰਣ ਤੋਂ ਆਪਣੇ ਆਪ ਪਤਾ ਲੱਗ ਜਾਂਦਾ ਹੈ ਕਿ ਕਿਹੜਾ ਕੰਮ ਗ਼ਲਤ ਹੈ; ਕਈ ਗੱਲਾਂ ਵਿਚ ਅੰਤਹਕਰਣ ਨੂੰ ਸਿਖਾਉਣ ਦੀ ਵੀ ਲੋੜ ਹੁੰਦੀ ਹੈ। ਕਦੇ ਕਦੇ, ਉਲਝਣ ਵਾਲੀਆਂ ਗੱਲਾਂ ਉੱਠਦੀਆਂ ਹਨ, ਜਿਨ੍ਹਾਂ ਵਿਚ ''ਖ਼ੁਦਾ ਕਹਿੰਦਾ ਹੈ'' ਦੀ ਗੱਲ ਸਪਸ਼ਟ ਨਹੀਂ ਹੁੰਦੀ, ਹਰ ਮਸੀਹੀ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਗੰਭੀਰਤਾ ਨਾਲ ਬਾਈਬਲ ਦੀ ਰੌਸ਼ਨੀ ਵਿਚ ਅਧਿਐਨ ਕਰੇ, ''ਹਰ ਕੋਈ ਆਪੋ ਆਪਣੇ ਮਨ ਵਿਚ ਪੱਕੀ ਨਿਹਚਾ ਰੱਖੇ'' (ਰੋਮੀਆਂ 14:5), ਅਤੇ ਫਿਰ ਆਪਣੇ ਉਸ ਵਿਸ਼ਵਾਸ ਮੁਤਾਬਕ ਜ਼ਿੰਦਗੀ ਬਿਤਾਏ।[5] ਇਸ ਲਈ, ਸਮੇਂ ਸਮੇਂ ਤੇ,

ਮਸੀਹੀ ਲੋਕਾਂ ਨੂੰ ਉਨ੍ਹਾਂ ''ਸ਼ਕਤੀਆਂ ਨੂੰ'' ਇਹ ਕਹਿਣਾ ਪਿਆ ਕਿ ''ਮੈਂ ਜਾਣ ਬੁੱਝ ਕੇ ਇੰਜ ਜਾਂ ਉਂਜ ਨਹੀਂ ਕਰ ਸਕਦਾ,'' ਜਾਂ ''ਇੰਜ ਜਾ ਉਂਜ ਕਰਨ ਨਾਲ ਮੇਰੇ ਅੰਤਹਕਰਣ ਨੂੰ ਸੱਟ ਵੱਜਦੀ ਹੈ।''[6]

ਕਿਉਂਕਿ ਹਕੂਮਤਾਂ ਦਾ ਵਿਰੋਧ ਕਰਨਾ ਖ਼ੁਦਾ ਦੀ ਨਜ਼ਰ ਵਿਚ ਬੜੀ ਗੰਭੀਰ ਗੱਲ ਹੈ, ਇਸ ਲਈ *ਆਪਣੀ* ਨਾਪਸੰਦੀ ਅਤੇ *ਖ਼ੁਦਾ* ਦੀ ਨਾਪਸੰਦੀ ਵਿਚ ਫ਼ਰਕ ਕਰਨ ਸਮੇਂ ਚੌਕਸੀ ਵਰਤੋ। ਜੇ ਨਿੱਜੀ ਤੌਰ ਤੇ ਤੁਹਾਨੂੰ ਕੋਈ ਕਾਨੂੰਨ ਚੰਗਾ ਨਹੀਂ ਲਗਦਾ ਤਾਂ, ਆਪਣੇ ਘਮੰਡ ਅਤੇ ਆਕੜ ਨੂੰ ਕਾਬੂ ਵਿਚ ਰੱਖੋ ਅਤੇ ਉਹਦੀ ਅਧੀਨਤਾ ਨੂੰ ਕਬੂਲ ਕਰ ਲਓ। ਫੇਰ ਵੀ, ਜੇ ਪੂਰੇ ਦਿਲ ਨਾਲ ਤੁਹਾਨੂੰ ਲਗਦਾ ਹੈ ਕਿ ਕੋਈ ਖ਼ਾਸ ਕਾਨੂੰਨ *ਖ਼ੁਦਾ* ਦੀ ਇੱਛਾ ਦੇ ਖ਼ਿਲਾਫ਼ ਹੈ, ਤਾਂ ਆਪਣੀ ਗੱਲ ਤੇ ਡਟੇ ਰਹੋ ਪਰ ਇਹਦੀ ਕੀਮਤ ਚੁਕਾਉਣ ਲਈ ਵੀ ਤਿਆਰ ਰਹੋ। ਪਤਰਸ ਅਤੇ ਦੂਜੇ ਰਸੂਲਾਂ ਦੇ ਸ਼ਬਦ ਆਪਣੇ ਦਿਲ ਦੀ ਤਖ਼ਤੀ ਤੇ ਲਿਖ ਲਓ ਕਿ ''ਮਨੁੱਖਾਂ ਦੇ ਹੁਕਮਾਂ ਨਾਲੋਂ ਪ੍ਰਮੇਸ਼ਵਰ ਦਾ ਹੁਕਮ ਮੰਨਣਾ ਜਰੂਰੀ ਹੈ'' (5:29)। ਇਹ ਨਹੀਂ ਕਿ ਅਸੀਂ ''ਮੰਨ ਸਕਦੇ ਹਾਂ'' ਜਾਂ ''ਮੰਨਣਾ ਠੀਕ ਹੋਵੇਗਾ'' ਸਗੋਂ ਇਹ ਕਿ ''ਪ੍ਰਮੇਸ਼ਵਰ ਦਾ ਹੁਕਮ ਮੰਨਣਾ ਜ਼ਰੂਰੀ ਹੈ।'' ਕੈਦ ਵਿਚ ਸੁੱਟੇ ਜਾਣ ਦੀ ਧਮਕੀ ਮਿਲਣ ਤੇ ਉਹਨਾਂ ਨੇ ਜਵਾਬ ਦਿੱਤਾ ਸੀ, ''ਅਸੀਂ ਤਾਂ ਖ਼ੁਦਾ ਦਾ ਹੀ ਹੁਕਮ ਮੰਨਾਂਗੇ।'' ਕੁੱਟਣ ਦੀ ਧਮਕੀ ਮਿਲਣ ਤੇ ਉਹਨਾ ਦਾ ਜਵਾਬ ਸੀ, ''ਅਸੀਂ ਤਾਂ ਖ਼ੁਦਾ ਦਾ ਹੀ *ਹੁਕਮ* ਮੰਨਾਂਗੇ।'' ਜਾਨੋਂ ਮਾਰਨ ਦੀ ਧਮਕੀ ਮਿਲਣ ਤੇ ਉਹਨਾ ਦਾ ਜਵਾਬ ਸੀ, ''ਅਸੀਂ ਤਾਂ ਖ਼ੁਦਾ ਦਾ ਹੀ ਹੁਕਮ ਮੰਨਾਂਗੇ।''

## ਬੁਨਿਆਦੀ ਸਿਧਾਂਤ: ਹਰ ਹਾਲ ਵਿਚ, ਅਧਿਕਾਰੀਆਂ ਦੀ ਇੱਜ਼ਤ ਕਰੋ

ਤੀਜਾ ਸਿਧਾਂਤ ਸਭ ਨਾਲੋਂ ਅਹਿਮ ਹੈ ਅਤੇ ਸ਼ਾਇਦ ਸਭ ਤੋਂ ਔਖਾ ਵੀ: ਹਰ ਹਾਲ ਵਿਚ (ਉਦੋਂ ਵੀ ਜਦ ਅਸੀਂ ਜਾਣ ਬੁਝ ਕੇ ਕਿਸੇ ਖ਼ਾਸ ਕਾਨੂੰਨ ਨੂੰ ਤੋੜੀਏ), ਸਰਕਾਰੀ ਅਧਿਕਾਰੀਆਂ ਦੀ ਇੱਜ਼ਤ ਕਰੋ। ਅਧਿਆਇ 4 ਵਿਚ ਪਤਰਸ ਅਤੇ ਯੂਹੰਨਾ ਸਭਾ ਦੇ ਸਾਹਮਣੇ ਅਦਬ ਨਾਲ ਖੜੇ ਸਨ। ਅਧਿਆਇ 5 ਵਿਚ ਜਦ ਅਧਿਕਾਰੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਆਏ ਤਾਂ ਪਤਰਸ ਅਤੇ ਦੂਜੇ ਰਸੂਲਾਂ ਨੇ ਉਨ੍ਹਾਂ ਦਾ ਵਿਰੋਧ ਨਹੀਂ ਕੀਤਾ ਕਿਉਂਕਿ ਉਹ ਆਦਰ ਦੇ ਯੋਗ ਸਨ। ਪਤਰਸ ਨੇ ਸਾਨੂੰ ''ਪਾਤਸ਼ਾਹ ਦਾ ਆਦਰ'' ਕਰਨ ਲਈ ਚੁਣੌਤੀ ਦਿੱਤੀ ਹੈ (1 ਪਤਰਸ 2:17)! ਇਹਦਾ ਮਤਲਬ ਇਹ ਹੋਇਆ ਕਿ ਸਰਕਾਰ ਨਾਲ ਕਿਸੇ ਵੀ ਵਿਸ਼ੇ ਤੇ ਵਿਹਾਰ ਕਰਦਿਆਂ (ਕਿਸੇ ਵੀ ਕਾਨੂੰਨ ਵਿਚ ਇਕ ਅਪਵਾਦ ਨਾਲ ਜਿਸ ਨੂੰ ਸਾਡਾ ਅੰਤਹਕਰਣ ਮੰਨਣ ਤੋਂ ਰੋਕਦਾ ਹੈ), ਅਸੀਂ ਇੱਜ਼ਤ ਦੇ ਯੋਗ, ਭਲੇ ਮਾਣਸ, ਈਮਾਨਦਾਰੀ ਨਾਲ ਅਧੀਨ ਹੋਣ ਵਾਲੇਹੋਈਏ। ਜੇ ਕੋਈ ਅਜਿਹਾ ਕਾਨੂੰਨ ਹੈ ਜਿਸ ਨੂੰ ਅਸੀਂ ਸ਼ੁੱਧ ਅੰਤਹਕਰਣ ਨਾਲ ਨਹੀਂ ਮੰਨ ਸਕਦੇ, ਤਾਂ ਇਹ ਸਪਸ਼ਟ ਕਰਨ ਲਈ ਕਿ ਅਸੀਂ ਇਸ ਨੂੰ ਕਿਉਂ ਨਹੀਂ ਮੰਨ ਸਕਦੇ, ਅਸੀਂ ਪੂਰੀ ਤਹਿ ਤਕ ਜਾਵਾਂਗੇ, ਕਿਉਂਕਿ ਸਾਡੀ ਇੱਛਾ ਬਗ਼ਾਵਤ ਕਰਨਾ ਨਹੀਂ ਸਗੋਂ ਖ਼ੁਦਾ ਦੇ ਹੁਕਮ ਦੀ ਪਾਲਣਾ ਕਰਨਾ ਹੈ।

ਦੁਨੀਆਂ ਭਰ ਵਿਚ, ਗਰਭਪਾਤ ਬਾਰੇ ਬਹਿਸ ਜ਼ੋਰਾਂ ਤੇ ਹੈ।[7] ਮੈਂ ਪੂਰੇ ਦਿਲ ਨਾਲ ਮੰਨਦਾ ਹਾਂ ਕਿ ਗਰਭਪਾਤ ਨਾਲ ਖ਼ੁਦਾ ਦੀ ਮਰਜ਼ੀ ਦਾ ਵਿਰੋਧ ਹੁੰਦਾ ਹੈ। ਨਾਲ ਹੀ ਅਮਰੀਕਾ ਦੀ ''ਦ ਰਾਈਟ ਟੂ ਲਾਈਫ਼'' ਲਹਿਰ ਵਿਚ ''ਬੇਵਕੂਫ਼ੀ'' ਦੇ ਕੰਮਾਂ ਤੋਂ ਵੀ ਮੈਨੂੰ ਡਰ ਆਉਂਦਾ ਹੈ। ਇਕ ਆਦਮੀ ਉਸ ਡਾਕਟਰ ਨੂੰ ਕਤਲ ਕਰਨ ਕਰਕੇ ਸੁਰੱਖੀਆਂ ਵਿਚ ਸੀ, ਜੋ ਗਰਭਪਾਤ

ਕਰਨ ਕਰਕੇ ਬਦਨਾਮ ਸੀ। ਇਕ ਹੋਰ ਆਦਮੀ ਦੀ ਗਰਭਪਾਤ ਕਰਾਉਣ ਵਾਲੀਆਂ ਕਲੀਨਿਕਾਂ ਨੂੰ ਤੋੜ ਕੇ ਉਨ੍ਹਾਂ ਵਿਚ ਵੜਨ ਅਤੇ ਐਵੇਂ ਹੀ ਲੋਕਾਂ ਨੂੰ ਮਾਰ ਦੇਣ ਕਾਰਣ ਜਾਂਚ ਚੱਲ ਰਹੀ ਹੈ। ਇਨ੍ਹਾਂ ਲੋਕਾਂ ਨੇ ਇਹ ਸੋਚਿਆ ਹੋਵੇਗਾ ਕਿ ਉਹ ਖ਼ੁਦਾ ਦੀ ਮਰਜ਼ੀ ਪੂਰੀ ਕਰ ਰਹੇ ਹਨ, ਪਰ ਅਸਲ 'ਚ ਇਨ੍ਹਾਂ ਨੇ ਗਰਭਪਾਤ ਵਿਰੋਧੀ ਸੋਚ ਸਬੰਧੀ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਇਆ ਹੈ। ਗਰਭਪਾਤ ਨੂੰ ਖ਼ਤਮ ਕਰਨ ਦੇ ਜਾਇਜ਼ ਅਤੇ ਨਜਾਇਜ਼ ਢੰਗ ਹਨ;[8] ਪਰ ਉਨ੍ਹਾਂ ਨੇ ਅਯੋਗ ਨਜਾਇਜ਼ ਢੰਗ ਅਪਣਾਇਆ। ਸਿੱਟੇ ਵਜੋ, ਬਹੁਤਿਆਂ ਦੇ ਦਿਮਾਗ਼ ਵਿਚ ਇਹ ਹੋਵੇਗਾ ਕਿ ਗਰਭਪਾਤ ਦਾ ਵਿਰੋਧ ਕਰਨ ਵਾਲਿਆਂ ਲਈ ਹਕੀਕਤ ਤੋਂ ਨਾਵਾਕਿਫ਼ ਹੋਣਾ ਜ਼ਰੂਰੀ ਹੈ।

ਇਹਦੇ ਇਲਾਵਾ ਬਹੁਤ ਸਾਰੇ ਲੋਕ ਜੋ ਖ਼ੁਦਾ ਦੇ ਪਿੱਛੇ ਚੱਲਣ ਦਾ ਦਾਅਵਾ ਕਰਦੇ ਹਨ, ਉਹ ਵੀ ਬਿਨਾਂ ਅਨੁਸ਼ਾਸਨ ਅਤੇ ਬਿਨਾਂ ਕਿਸੇ ਸਿਧਾਂਤ ਦੇ ਸੰਤੁਸ਼ਟ ਨਹੀਂ ਹਨ। ਉਹ ਅਧਿਕਾਰੀਆਂ ਤੇ ਹਮਲਾ ਕਰਦੇ, ਜਾਇਦਾਦ ਦਾ ਨੁਕਸਾਨ ਕਰਦੇ ਅਤੇ ਬਗ਼ਾਵਤ ਨੂੰ ਹਵਾ ਦਿੰਦੇ ਹਨ। ਫੇਰ ਜਦ ਸਰਕਾਰੀ ਕਾਰਵਾਈ ਹੁੰਦੀ ਹੈ, ਤਾਂ ਉਹ ਆਪਣੇ ਆਪ ਨੂੰ ਸ਼ਹੀਦ ਦੱਸਦੇ ਹਨ। ਇਹਦੇ ਉਲਟ, ਪੌਲੁਸ ਨੇ ਤੀਤੁਸ ਨੂੰ ਲਿਖਿਆ:

> (ਕ੍ਰੇਤੇ ਦੇ ਮਸੀਹੀ ਲੋਕਾਂ) ਨੂੰ ਚੇਤੇ ਕਰਾ ਭਈ ਹਾਕਮਾਂ ਅਤੇ ਇਖ਼ਤਿਆਰ ਵਾਲਿਆਂ ਦੇ ਅਧੀਨ ਹੋਣ ਅਤੇ ਆਗਿਆਕਾਰ ਬਣੇ ਰਹਿਣ। ਨਾਲੇ ਹਰੇਕ ਸ਼ੁਭ ਕਰਮ ਉੱਤੇ ਲੱਕ ਬੰਨ੍ਹੀ ਰੱਖਣ। ਕਿਸੇ ਦੀ ਬਦਨਾਮੀ ਨਾ ਕਰਨ। ਝਗੜਾਲੂ ਨਹੀਂ ਸਗੋਂ ਸੀਲ ਸੁਭਾਅ ਹੋਣ ਅਤੇ ਸੱਭੇ ਮਨੁੱਖਾਂ ਨਾਲ ਪੂਰੀ ਨਰਮਾਈ ਰੱਖਣ (ਤੀਤੁਸ 3:1, 2)।

ਫਿਰ ਰਸੂਲਾਂ ਨੂੰ ਅਤੇ ਸ਼ਕਤੀਸ਼ਾਲੀ ਮਹਾਂਸਭਾ ਦੇ ਉਨ੍ਹਾਂ ਨਾਲ ਸਬੰਧ ਨੂੰ ਵੀ ਵੇਖੋ। ਸਭਾ ਦੇ ਸਾਹਮਣੇ ਉਹ ਬੇਖੌਫ਼ ਸਨ, ਪਰ ਘਿਰਣਾ ਯੋਗ ਨਹੀਂ ਬਣੇ। ਪ੍ਰਚਾਰ ਨਾ ਕਰਨ ਦਾ ਹੁਕਮ ਮਿਲਣ ਤੇ, ਉਨ੍ਹਾਂ ਨੇ ਸਭਾ ਦੇ ਲੋਕਾਂ ਉੱਤੇ ਦਾਅਵਾ ਕਰਨ ਦੀ ਅਰਜ਼ੀ ਨਹੀਂ ਦਿੱਤੀ ਜਾਂ ਕੋਈ ਮੁਜ਼ਾਹਰਾ[9] ਨਹੀਂ ਕੀਤਾ ਅਤੇ ਨਾ ਹੀ ਹੈਕਲ ਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਸਿਰਫ਼ ਉਨ੍ਹਾਂ ਨੇ ਪ੍ਰਚਾਰ ਜਾਰੀ ਰੱਖਿਆ ਅਤੇ ਨਤੀਜੇ ਭੁਗਤਣ ਲਈ ਉਹ ਤਿਆਰ ਸਨ।

ਜਿਸ ਸਿਧਾਂਤ ਦੀ ਅਸੀਂ ਗੱਲ ਕਰ ਰਹੇ ਹਾਂ, ਉਹ ਅਧੀਨਤਾ ਦੇ ਸਭ ਖੇਤਰਾਂ ਤੇ ਲਾਗੂ ਹੁੰਦਾ ਹੈ। ਅਧੀਨਤਾ ਅਤੇ ਇਖ਼ਤਿਆਰ ਬਾਰੇ ਨਵਾਂ ਨੇਮ ਬਹੁਤ ਕੁਝ ਦੱਸਦਾ ਹੈ:[10] ਪਤਨੀਆਂ ਆਪਣੇ ਪਤੀਆਂ ਦੇ ਅਧੀਨ ਰਹਿਣ (ਅਫ਼ਸੀਆਂ 5:22-24; ਕੁਲੁੱਸੀਆਂ 3:18; 1 ਪਤਰਸ 3:1-6)। ਬੱਚੇ ਆਪਣੇ ਮਾਪਿਆਂ ਦੇ ਅਧੀਨ ਰਹਿਣ (ਅਫ਼ਸੀਆਂ 6:1-3; ਕੁਲੁੱਸੀਆਂ 3:20)। ਨੌਕਰ ਆਪਣੇ ਮਾਲਕ ਦੇ ਅਧੀਨ ਰਹਿਣ (ਅਫ਼ਸੀਆਂ 6:5-8; ਕੁਲੁੱਸੀਆਂ 3:22-24)।[11] ਮਸੀਹੀ ਹੋਣ ਦੇ ਨਾਤੇ ਸਾਨੂੰ ਆਪਣੀ ਮੰਡਲੀ ਦੇ ਐਲਡਰਾਂ ਦੇ ਅਧੀਨ ਰਹਿਣਾ ਚਾਹੀਦਾ ਹੈ (ਇਬਰਾਨੀਆਂ 13:17)। ਸਾਨੂੰ ਸਭ ਅਧਿਕਾਰੀਆਂ ਦੇ ਅਧੀਨ ਹੋਣਾ ਚਾਹੀਦਾ ਹੈ, ਭਾਵੇਂ ਉਹ ਹੈੱਡਮਾਸਟਰ ਜਾਂ ਮਾਸਟਰ ਹੀ ਕਿਉਂ ਨਾ ਹੋਵੇ ਜਿੱਥੇ ਅਸੀਂ ਪੜ੍ਹਦੇ ਹਾਂ, ਜਾਂ ਉਹ ਵਪਾਰਕ ਸੰਗਠਨ ਜਿਸ ਵਿਚ ਅਸੀਂ ਕੰਮ ਕਰਦੇ ਹਾਂ (ਤੀਤੁਸ 3:1)।

ਜਿੰਨੇ ਵੀ ਸਬੰਧਾਂ ਦੀ ਸੂਚੀ ਦਿੱਤੀ ਗਈ ਹੈ, ਇਨ੍ਹਾਂ ਸਭਨਾਂ ਵਿਚ ਗੁੰਜਾਇਸ਼ ਰਹਿੰਦੀ ਹੈ ਕਿ ਸਾਨੂੰ ਖ਼ੁਦਾ ਦੀ ਮਰਜ਼ੀ ਦੇ ਖਿਲਾਫ਼ ਕੰਮ ਕਰਨ ਲਈ ਕਿਹਾ ਜਾਵੇ। ਇਕ ਮਸੀਹੀ ਔਰਤ ਤੋਂ ਆਪਣੇ ਜੀਵਨ ਸਾਥੀ ਦੇ ਗੈਰ ਇਖ਼ਲਾਕੀ ਕੰਮਾਂ ਵਿਚ ਭਾਈਵਾਲ ਹੋਣ ਦੀ ਮੰਗ ਹੋ ਸਕਦੀ ਹੈ।

ਇਕ ਬੱਚਾ ਜਿਹਦੇ ਮਾਪੇ ਗੈਰ ਮਸੀਹੀ ਹਨ, ਉਸ ਨੂੰ ਕਲੀਸੀਆ ਦੇ ਕਿਸੇ ਵੀ ਕੰਮ ਵਿਚ ਦਖ਼ਲ ਦੇਣ ਤੋਂ ਮਨ੍ਹਾ ਕੀਤਾ ਜਾ ਸਕਦਾ ਹੈ। ਹੋ ਸਕਦਾ ਹੈ ਕਿ ਕੰਮ ਦੇਣ ਵਾਲਾ ਠੇਕੇਦਾਰ ਇਹ ਸਪਸ਼ਟ ਕਰ ਦੇਵੇ ਕਿ ਜੇ ਅਸੀਂ ਕਿਸੇ ਗੈਰਕਾਨੂੰਨੀ ਕੰਮ ਨੂੰ ਚੁੱਪ ਚਾਪ ਨਹੀਂ ਕਰਦੇ ਤਾਂ ਸਾਨੂੰ ਕੰਮ ਤੋਂ ਹਟਾ ਕੱਢ ਦਿੱਤਾ ਜਾਵੇਗਾ। ਅਜਿਹੇ ਹਲਾਤ ਪੈਦਾ ਹੋਣ ਤੇ, ''ਸਾਨੂੰ ਮਨੁੱਖਾਂ ਦੀ ਨਹੀਂ, ਖ਼ੁਦਾ ਦੀ ਮਰਜ਼ੀ ਪੂਰੀ ਕਰਨੀ ਚਾਹੀਦੀ ਹੈ।''

*ਬਾਕੀ ਸਮਾਂ,* ਜੇ ਅਸੀਂ ਮਸੀਹ ਲਈ ਫ਼ਲ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਫ਼ਰਜ ਪੂਰੇ ਕਰਦਿਆਂ ਹੁਕਮ ਮੰਨਣ ਵਾਲੇ ਬਣਨਾ ਚਾਹੀਦਾ ਹੈ। ਜੇ ਇਕ ਮਸੀਹੀ ਔਰਤ ਆਪਣੇ ਗੈਰ ਮਸੀਹੀ ਪਤੀ ਦੀਆਂ ਇੱਛਾਵਾਂ ਦੀ ਪਰਵਾਹ ਨਹੀਂ ਕਰਦੀ, ਤਾਂ ਉਹ ਉਸ ਨੂੰ ਇਹ ਕਹਿ ਕੇ ਪ੍ਰਭਾਵਤ ਨਹੀਂ ਕਰ ਸਕੇਗੀ ਕਿ ''ਮੈਂ ਤੁਹਾਡੇ ਨਾਲ ਮੱਛੀ ਫੜਨ ਦੇ ਬਜਾਏ ਬੰਦਗੀ ਕਰਨ ਲਈ ਜਾ ਰਹੀ ਹਾਂ।'' ਪਤੀ ਨੂੰ ਲੱਗੇਗਾ ਕਿ ਉਹ ਇਹ ਸਭ ਉਹਨੂੰ ਚਿੜਾਉਣ ਲਈ ਕਰ ਰਹੀ ਹੈ। ਆਮ ਤੌਰ ਤੇ ਮਸੀਹੀ ਬੱਚਿਆਂ ਨੂੰ ਆਪਣੇ ਗੈਰ ਮਸੀਹੀ ਮਾਪਿਆਂ ਦੀ ਇੱਜ਼ਤ ਕਰਨੀ ਚਾਹੀਦੀ ਹੈ ਨਹੀਂ ਤਾਂ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਬੰਦਗੀ ਵਿਚ ਜਾਣਾ ਉਨ੍ਹਾਂ ਨਾਲ ਬਗ਼ਾਵਤ ਕਰਨ ਵਾਂਗ ਹੋਵੇਗਾ। ਕੰਮ ਕਰਨ ਵਾਲਿਆਂ, ਕਲੀਸੀਆ ਦੇ ਮੈਂਬਰਾਂ, ਸਕੂਲ ਦੇ ਵਿਦਿਆਰਥੀਆਂ ਅਤੇ ਵਪਾਰਕ ਸੰਗਠਨ ਦੇ ਲੋਕਾਂ ਤੇ ਇੱਕੋ ਹੀ ਨਿਯਮ ਲਾਗੂ ਹੋਵੇਗਾ।

ਜੇ ਅਸੀਂ ਪ੍ਰਭੂ ਲਈ ਸਕਾਰਾਤਮਕ ਪ੍ਰਭਾਵ ਦੇਣਾ ਚਾਹੁੰਦੇ ਹਾਂ, ਤਾਂ ਸਾਨੂੰ ਹਰ ਗੱਲ ਵਿਚ ਦੀਨਤਾ ਨਾਲ ਹੁਕਮ ਮੰਨਣ ਵਾਲੇ ਹੋਣਾ ਜ਼ਰੂਰੀ ਹੈ, ਜੋ ਖ਼ੁਦਾ ਦੀ ਸਪਸ਼ਟ ਮਰਜੀ ਦੇ ਖਿਲਾਫ਼ ਨਾ ਹੋਵੇ!

## ਸਾਰ

ਅਖ਼ੀਰ ਵਿਚ, ਮੈਂ ਤੁਹਾਨੂੰ 5:29 ਵਿਚ ਪਤਰਸ ਅਤੇ ਦੂਜੇ ਰਸੂਲਾਂ ਦੇ ਸ਼ਬਦਾਂ ਰਾਹੀਂ ਇਸ ਅਧਿਐਨ ਦੇ ਸਾਰ ਵੱਲ ਲਿਆਉਣਾ ਚਾਹੰਦਾ ਹਾਂ: ਸਾਡੇ ਲਈ ''ਮਨੁੱਖਾਂ ਦੇ ਹੁਕਮ ਨਾਲੋਂ ਪ੍ਰਮੇਸ਼ਵਰ ਦਾ ਹੁਕਮ ਮੰਨਣਾ ਜਰੂਰੀ ਹੈ।''


ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ ਕੁਝ ਮੈਂਬਰ ਟਰਟੁਲੀਅਨ ਨਾਮਕ ਇਕ ਆਗੂ ਸਾਹਮਣੇ ਮਸੀਹੀ ਬਣਨ ਕਾਰਣ ਉਨ੍ਹਾਂ ਤੇ ਪੈਣ ਵਾਲੇ ਦਬਾਅ ਦੀ ਸ਼ਿਕਾਇਤ ਕਰ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ, ''ਜੇ ਅਸੀਂ ਆਪਣੇ ਅਧਿਕਾਰੀਆਂ ਦੀ ਨਾ ਮੰਨੀਏ, ਤਾਂ ਸਾਡੀਆਂ ਨੌਕਰੀਆਂ ਜਾਂਦੀਆਂ ਹਨ, ਜਾਂ ਸਾਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈ ਸਕਦੇ ਹਨ। ਬੇਸ਼ੱਕ ਖ਼ੁਦਾ ਅਜਿਹਾ ਨਹੀਂ ਚਾਹੁੰਦਾ। ਆਖ਼ਰ ਅਸੀਂ ਅਤੇ ਸਾਡੇ ਪਰਿਵਾਰ ਜ਼ਿੰਦਾ ਰਹਿਣਾ ਚਾਹੁੰਦੇ ਹਾਂ।'' ਇਕ ਪਲ ਲਈ ਟਰਟੁਲੀਅਨ ਨੇ ਉਨ੍ਹਾਂ ਵੱਲ ਵੇਖਿਆ ਅਤੇ ਕਿਹਾ, ''ਅਸੀਂ ਜ਼ਿੰਦਾ *ਰਹਾਂਗੇ?*''

ਅਸੀਂ ਆਪਣੀਆਂ ਜ਼ਿੰਦਗੀ ਵਿਚ ਬਹੁਤ ਸਾਰੇ ''ਚਾਹੀਦੇ'' ਵਾੜ ਲਏ ਹਨ: ਸਾਡੇ ਕੋਲ ਕੁਝ ਜਾਇਦਾਦ ਹੋਣੀ ਚਾਹੀਦੀ ਹੈ, ਸਾਨੂੰ ਕਾਮਯਾਬ ਹੋਣਾ ਚਾਹੀਦਾ ਹੈ, ਅਸੀਂ ਖੁਸ਼ ਰਹਿਣਾ ਚਾਹੁੰਦੇ ਹਾਂ ਅਤੇ ਹੋਰ ਪਤਾ ਨਹੀਂ ਕੀ ਕੀ। ਅਸਲ ਵਿਚ ਜ਼ਿੰਦਗੀ ਵਿਚ ਕੁਝ ਹੀ ''ਚਾਹੀਦੇ'' ਹਨ ਜੋ ਅਸਲ 'ਚ ਸਾਨੂੰ ਮਿਲ ਪਾਉਂਦੇ ਹਨ। ਪਰ ਇਨ੍ਹਾਂ ਵਿੱਚੋਂ ਇਕ ਜ਼ਰੂਰੀ ਇਹ ਹੈ ਕਿ ''ਸਾਨੂੰ ਖ਼ੁਦਾ ਦਾ ਹੁਕਮ ਮੰਨਣਾ *ਚਾਹੀਦਾ ਹੈ*।''

## ਟਿੱਪਣੀਆਂ

[1]ਕੂਚ 20:13. ਯਕੀਨਨ ਹੀ, ਖ਼ੂਨ ਕਰਨ ਨਾਲ ਦਸ ਹੁਕਮਾਂ ਦੇ ਦਿੱਤੇ ਜਾਣ ਤੋਂ ਪਹਿਲਾਂ ਹੀ ਖ਼ੁਦਾ ਦੀ ਮਰਜ਼ੀ ਤੋੜੀ ਗਈ ਸੀ (ਉਤਪਤ 4:8-15)। [2]ਸਿਧਾਂਤ ਇਹ ਹੈ ਕਿ ''ਕਿਵੇਂ ਨਾ ਕਿਵੇਂ ਬਹੁਤ ਸਾਰੇ ਲੋਕ ਬਚਾਏ'' ਜਾਣ (ਵੇਖੋ 1 ਕਰਿੰਥੀਆਂ 9:22)। ਉਦਾਹਰਣ ਲਈ, ਸਪੇਨੀ ਭਾਸ਼ਾ ਬੋਲਣ ਵਾਲੇ ਆਪਣੇ ਆਪ ਨੂੰ ਸਪੇਨੀ ਅਖਵਾਉਣਾ ਪਸੰਦ ਕਰਦੇ ਹਨ, ਸਾਨੂੰ ਓਸੇ ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਹੈ। [3]ਮੇਰੇ ਕਹਿਣ ਤੋਂ ਭਾਵ ਇਹ ਨਹੀਂ ਕਿ ਲਗਾਤਾਰ ਇਹੀ, ਜਾਂ ਕਿਸੇ ਹੋਰ ਵਿਸ਼ੇ ਤੇ ਪ੍ਰਚਾਰ ਕਰਨਾ ਕਿਸੇ ਦਾ ਸ਼ੌਕ ਹੀ ਬਣ ਜਾਵੇ। ਮੇਰਾ ਭਾਵ ਹੈ ਕਿ ਜਦ ਅਸੀਂ ਜਿਸਮਾਨੀ ਪਾਪ ਤੇ ਪ੍ਰਚਾਰ ਕਰਦੇ ਹਾਂ, ਤਾਂ ਸਾਨੂੰ ਸਮਲਿੰਗੀ ਕਾਮੁਕਤਾ ਨੂੰ ਵੀ ਇਸ ਵਿਚ ਸ਼ਾਮਲ ਕਰਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। [4]ਪਿਛਲੇ ਪਾਠ ਦੇ ਅਖ਼ੀਰ ਵਿਚ ''ਅੰਤਹਕਰਣ'' ਤੇ ਵਾਧੂ ਲੇਖ ਵੇਖੋ।[5]ਰੋਮੀਆਂ 14 ਤੋਂ ਵੀ ਸਪਸ਼ਟ ਹੈ ਕਿ ਨਿਆਂ ਦੀਆਂ ਅਜਿਹੀਆਂ ਗੱਲਾਂ ਵਿਚ ਸਾਨੂੰ ਆਪਣੇ ਉਸ ਭਾਈ ਦੀ ਨਿਖੇਧੀ ਨਹੀਂ ਕਰਨੀ ਚਾਹੀਦੀ ਜੋ ਸਾਡੇ ਨਾਲ ਸਹਿਮਤ ਨਾ ਹੋਵੇ। ਧਿਆਨ ਦਿਓ ਕਿ ਇਹ ਨਿਆਂ ਦੀਆਂ ਗੱਲਾਂ ਹਨ (ਯਾਨੀ ਜਿਨ੍ਹਾਂ ਗੱਲਾਂ ਤੇ ਖ਼ੁਦਾ ਨੇ ਆਪਣੀ ਇੱਛਾ ਸਪਸ਼ਟ ਜ਼ਾਹਰ ਕਰ ਦਿੱਤੀ ਹੈ), ਨਾ ਕਿ ਵਿਸ਼ਵਾਸ ਦੀਆਂ। [6]ਲੜਾਈ ਵਿਚ ਜਾਣਾ ਇਸ ਦੀ ਇਕ ਉਦਾਹਰਣ ਹੈ। ਕੁਝ ਮਸੀਹੀ ''ਨੁਕਤਾਚੀਨੀ ਕਰਨ ਵਾਲੇ ਇਮਾਨਦਾਰ'' ਬਣ ਗਏ ਹਨ, ਇਨ੍ਹਾਂ ਵਿੱਚੋਂ ਕੁਝ ਨੇ ਫ਼ੌਜ ਦੀਆਂ ਮੈਡੀਕਲ ਟੁਕੜੀਆਂ ਜਾਂ ਲੜਾਈ ਵਿਚ ਭਾਗ ਨਾ ਲੈਣ ਵਾਲੇ ਕਿਸੇ ਵਿੰਗ ਵਿਚ ਸੇਵਾ ਕੀਤੀ ਹੈ। ਅਜਿਹੇ ਦੇਸ਼ਾਂ ਵਿਚ ਜਿੱਥੇ ਇਸ ਤਰ੍ਹਾਂ ਦੀ ਸਰਕਾਰ ਹੈ, ਕਾਨੂੰਨ ਕਹਿੰਦਾ ਹੈ ਕਿ ਕਿਸੇ ਨਾਲ ਵੀ ਉਹਦੇ ਅੰਤਹਕਰਣ ਦੇ ਖ਼ਿਲਾਫ਼ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ। ਤਦ ਵੀ ਜਦ ਕਾਨੂੰਨ ਉਸ ਸੁਰੱਖਿਆ ਦਾ ਵਾਅਦਾ ਕਰਦਾ ਹੈ, ਕਿਸੇ ਸਰਕਾਰ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕਰਨ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ।[7]ਤੁਸੀਂ ਆਪਣੇ ਦੇਸ਼ ਅਤੇ ਉਸ ਇਲਾਕੇ ਦੇ ਮੁਤਾਬਕ ਇਸ ਉਦਾਹਰਣ ਦੀ ਵਰਤੋਂ ਕਰ ਸਕਦੇ ਹੋ। ਤੁਹਾਡੇ ਇਲਾਕੇ ਵਿਚ ਕੋਈ ਅਜਿਹੀ ਲਹਿਰ ਹੋ ਸਕਦੀ ਹੈ ਜਿਸ ਦੇ ਪ੍ਰਭਾਵ ਦੀ ਇਸ ਦੀ ''ਬੇਵਕੂਫੀ'' ਕਾਰਣ ਬਦਨਾਮੀ ਹੋਈ ਹੋਵੇ। [8]ਸਿੱਖਿਆ, ਕਾਨੂੰਨ ਅਤੇ ਵਿਹਾਰਕ ਬਦਲ ਹੋ ਸਕਦੇ ਹਨ। [9]ਮੁਜ਼ਾਹਰਿਆਂ ਦੀ ਮੁਸ਼ਕਲ ਇਹ ਨਹੀਂ ਹੈ ਕਿ ਉਸ ਵਿਚ ਧਰਮ ਪੁਸਤਕ ਨੂੰ ਪਹਿਲ ਮਿਲਦੀ ਹੈ ਜਾਂ ਨਹੀਂ। ਇਹ ਮੁਜ਼ਾਹਰਾ ਜਾਇਜ਼ ਅਤੇ ਸਭਿਅ ਹੈ ਤਾਂ ਮਸੀਹੀ ਲੋਕ ਉਸ ਵਿਚ ਭਾਗ ਲੈ ਸਕਦੇ ਹਨ। ਪਰ ਰਸੂਲਾਂ ਨੇ ਅਜਿਹਾ ਕੁਝ ਵੀ ਨਹੀਂ ਕੀਤਾ। ਸਪਸ਼ਟ ਤੌਰ ਤੇ, ਉਨ੍ਹਾਂ ਨੇ ਸੋਚਿਆ ਕਿ ਰੂਹਾਂ ਬਚਾਉਣਾ ਹਾਕਮਾਂ ਤੇ ਦਬਾਅ ਪਾਉਣ ਨਾਲੋਂ ਕਿਤੇ ਵੱਧ ਜ਼ਰੂਰੀ ਸੀ। ਮਾੜੀ ਲੀਡਰਸ਼ਿਪ ਵਾਲੇ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਸਵਰਗ ਵਿਚ ਜਾ ਸਕਦੇ ਹਨ ਪਰ ਮਸੀਹ ਦੇ ਬਿਨਾਂ ਉਹ ਸਵਰਗ ਵਿਚ ਨਹੀਂ ਜਾ ਸਕਦੇ। [10]ਅਧੀਨਤਾ ਤੇ ਬਾਈਬਲ ਦੀ ਸਿੱਖਿਆ ਸਿਰਫ਼ ਅਧਿਕਾਰੀਆਂ ਦੇ ਅਧੀਨ ਹੋਣ ਨਾਲੋਂ ਕਿਤੇ ਵੱਧ ਹੈ (ਵੇਖੋ ਅਫ਼ਸੀਆਂ 5:21), ਪਰ ਅਸੀਂ ਅਧਿਕਾਰੀਆਂ ਦੀ ਅਧੀਨਤਾ ਦੀ ਹੀ ਗੱਲ ਕਰ ਰਹੇ ਹਾਂ।

[11]ਇਹ ਆਇਤਾਂ ਖ਼ਾਸ ਤੌਰ ਤੇ ਗੁਲਾਮ ਦੇ ਆਪਣੇ ਮਾਲਕ ਦੇ ਅਧੀਨ ਰਹਿਣ ਦੀ ਗੱਲ ਕਰਦੀਆਂ ਹਨ, ਪਰ ਆਮ ਤੌਰ ਤੇ ਇਨ੍ਹਾਂ ਨੂੰ ਕੰਮ ਦੇਣ ਵਾਲੇ-ਮੁਜ਼ਦੂਰ ਦੇ ਸਬੰਧ ਵਿਚ ਵੀ ਵਰਤਿਆ ਜਾ ਸਕਦਾ ਹੈ।


ਯਰੂਸ਼ਲਮ
ਅੰਟੋਨੀਆ ਦਾ ਕਿਲਾ
ਔਰਤਾਂ ਦਾ ਵਿਹੜਾ
ਹੈਕਲ
ਗਤਸਮਨੀ ਬਾਗ
ਪਰਾਈਆਂ ਕੌਮਾਂ
ਦਾ ਵਿਹੜਾ
ਜੈਤੂਨ
ਪਹਾੜ
ਕਿਦ੍ਰੋਨ ਦਾ ਨਾਲਾ
ਬੈਤਨੀਆ
ਚੁਬਾਰੇ ਵਾਲਾ ਘਰ?
ਹਿੰਨੋਮ ਘਾਟੀ

*ਯਰੂਸ਼ਲਮ ਦਾ ਨਕਸ਼ਾ*